# PRESS COVERAGE

# Public Speaking Competition organized for school students

## 24.04.2022

दैनिक भास्कर

रविवार 24 अप्रैल, 2022 | 03

# मोदी कॉलेज ने स्कूली बच्चों के लिए पब्लिक स्पीकिंग मुकाबले करवाए



**पटियाला** | मोदी कॉलेज पटियाला के रोटरेक्ट क्लब की तरफ से करियर कंसल्टेंट के सहयोग से पब्लिक स्पीकिंग मुकाबले करवाए गए। मुकाबलों का मुख्य उद्देश्य विद्यार्थियों को उच्च-शिक्षा के क्षेत्र में उपलब्ध नए पाठ्यक्रमों और नए प्रोग्रामों बारे जानकार करवाना था। प्रोग्राम में सौरभ जैन एमडी वर्धमान अस्पताल और प्रसिद्ध समाज सेवक मुख्य मेहमान के तौर पर शामिल हुए। उन्होंने कॉलेज मैनेजमेंट, प्रिंसिपल और स्टाफ का धन्यवाद किया। कॉलेज प्रिंसिपल डॉ. खुशविंद्र कुमार ने मुकाबलों में भाग लेने वाले सभी विद्यार्थियों और अध्यापकों का स्वागत किया। अलग-अलग सेशन के दौरान स्कूली विद्यार्थियों ने 'मेरा मनपसंद पेशा', 'मेरी स्कूली जिंदगी', 'मेरा मार्ग दर्शक', 'जिंदगी में अनुशासन का महत्व' और 'मेरी मनपसंद खेल' आदि विषयों पर अपने विचार पेश किए।

ਅਜੀਤ
ਐਤਵਾਰ, 24 ਅਪ੍ਰੈਲ 2022



ਸਥਾਨਕ ਮੁਲਤਾਨੀ ਮੱਲ ਮੋਦੀ ਕਾਲਜ ਵਿਖੇ ਕਰਵਾਏ ਪ੍ਰੋਗਰਾਮ ਦਾ ਦ੍ਰਿਸ਼। ਅਜੀਤ ਤਸਵੀਰ

# ਮੋਦੀ ਕਾਲਜ ਵਲੋਂ ਸਕੂਲੀ ਬੱਚਿਆਂ ਲਈ ਪਬਲਿਕ ਸਪੀਕਿੰਗ ਮੁਕਾਬਲੇ

ਪਟਿਆਲਾ, 23 ਅਪ੍ਰੈਲ (ਗੁਰਵਿੰਦਰ ਸਿੰਘ ਔਲਖ)-ਸਥਾਨਕ ਮੁਲਤਾਨੀ ਮੱਲ ਮੋਦੀ ਕਾਲਜ, ਪਟਿਆਲਾ ਦੇ ਰੋਟਰੇਕਟ ਕਲੱਬ ਵਲੋਂ ਸੀ (ਥ੍ਰੀ) ਕੈਰੀਅਰ ਕਨਸਲਟੈਂਟ ਦੇ ਸਹਿਯੋਗ ਨਾਲ ਸਕੂਲੀ ਬੱਚਿਆਂ ਨੂੰ ਉਚੇਰੀ ਸਿੱਖਿਆ ਦੇ ਖੇਤਰ ਵਿਚ ਨਵੇਂ ਮੌਕਿਆਂ ਤੇ ਸੰਭਾਵਨਾਵਾਂ ਬਾਰੇ ਜਾਗਰੂਕ ਕਰਨ ਤੇ ਉਨ੍ਹਾਂ ਦੀਆਂ ਕਮਿਊਨੀਕੇਸ਼ਨ ਸਕਿੱਲ ਨੂੰ ਤਰਾਸ਼ਣ ਲਈ ਇਕ ਪਬਲਿਕ ਸਪੀਕਿੰਗ ਮੁਕਾਬਲੇ ਕਰਵਾਏ ਗਏ। ਇਸ ਮੁਕਾਬਲੇ ਦਾ ਮੁੱਖ ਉਦੇਸ਼ ਸਕੂਲੀ ਵਿਦਿਆਰਥੀਆਂ ਨੂੰ ਉੱਚ-ਸਿੱਖਿਆ ਦੇ ਖੇਤਰ ਵਿਚ ਉਪਲਬਧ ਨਵੇਂ ਕੋਰਸਾਂ ਤੇ ਨਵੇਂ ਪ੍ਰੋਗਰਾਮਾਂ ਬਾਰੇ ਜਾਣੂ ਕਰਵਾਉਣਾ ਸੀ ਤਾਂ ਕਿ ਉਹ ਭਵਿੱਖ ਵਿਚ ਕੈਰੀਅਰ ਦੀ ਚੋਣ ਆਤਮ-ਵਿਸ਼ਵਾਸ ਨਾਲ ਕਰ ਸਕਣ। ਇਸ ਪ੍ਰੋਗਰਾਮ ਵਿਚ ਸੌਰਭ ਜੈਨ, ਐਮ.ਡੀ. ਵਰਧਮਾਨ ਹਸਪਤਾਲ ਅਤੇ ਉੱਘੇ ਸਮਾਜ ਸੇਵਕ ਮੁੱਖ ਮਹਿਮਾਨ ਵਜੋਂ ਸ਼ਾਮਲ ਹੋਏ। ਉਨ੍ਹਾਂ ਨੇ ਕਾਲਜ ਮੈਨੇਜਮੈਂਟ, ਪ੍ਰਿੰਸੀਪਲ ਅਤੇ ਸਟਾਫ਼ ਦਾ ਧੰਨਵਾਦ ਕੀਤਾ ਅਤੇ ਕਿਹਾ ਕਿ ਕਾਲਜ ਵਲੋਂ ਇਸ ਤਰ੍ਹਾਂ ਦਾ ਉਪਰਾਲਾ ਕਰਨਾ, ਜਿਸ ਵਿਚ ਵਿਦਿਆਰਥੀਆਂ ਦਾ ਹੁਨਰ ਤਰਾਸ਼ਿਆ ਜਾ ਸਕੇ, ਬਹੁਤ ਵੱਡਾ ਸ਼ਲਾਘਾ ਯੋਗ ਕੰਮ ਹੈ। ਉਨ੍ਹਾਂ ਨੇ ਵਿਦਿਆਰਥੀਆਂ ਨੂੰ ਕਿਹਾ ਕਿ ਕੋਈ ਵੀ ਟੀਚਾ ਤੁਸੀਂ ਤਾਂ ਹੀ ਪ੍ਰਾਪਤ ਕਰ ਸਕਦੇ ਹੋ ਜੇਕਰ ਤੁਹਾਡੇ ਵਿਚ ਉਸ ਟੀਚੇ ਨੂੰ ਹਾਸਲ ਕਰਨ ਲਈ ਨਾਕਾਮਯਾਬੀ ਸਹਿਣ ਦੀ ਸ਼ਕਤੀ ਹੈ। ਕਾਲਜ ਪ੍ਰਿੰਸੀਪਲ ਡਾ. ਖੁਸ਼ਵਿੰਦਰ ਕੁਮਾਰ ਨੇ ਇਸ ਮੁਕਾਬਲੇ ਵਿਚ ਭਾਗ ਲੈਣ ਵਾਲੇ ਸਾਰੇ ਵਿਦਿਆਰਥੀਆਂ ਤੇ ਉਨ੍ਹਾਂ ਦੇ ਅਧਿਆਪਕਾਂ ਦਾ ਸਵਾਗਤ ਕਰਦਿਆਂ ਕਿਹਾ ਕਿ ਹੁਣ ਸਿੱਖਿਆ ਦੇ ਖੇਤਰ ਵਿਚ ਬਹੁਤ ਤੇਜ਼ੀ ਨਾਲ ਤਬਦੀਲੀ ਆ ਰਹੀ ਹੈ ਜਿਸ ਨਾਲ ਜਿੱਥੇ ਰੁਜ਼ਗਾਰ ਦੇ ਨਵੇਂ ਮੌਕੇ ਪੈਦਾ ਹੋ ਰਹੇ ਹਨ ਉੱਥੇ ਨਵੀਂ ਕਿਸਮ ਦੇ ਕੋਰਸਾਂ ਤੇ ਸਿੱਖਣ ਦੇ ਮੌਕਿਆਂ ਦੀ ਵੀ ਬਹੁਤਾਤ ਹੋ ਰਹੀ ਹੈ। ਉਨ੍ਹਾਂ ਕਿਹਾ ਕਿ ਇਹਨਾਂ ਕਾਰਨਾਂ ਕਰਕੇ ਨਵੀਂ ਪੀੜ੍ਹੀ ਲਈ ਸੰਚਾਰ ਦੇ ਵਧੀਆ ਢੰਗਾਂ ਤੇ ਮਲਟੀ-ਮੀਡੀਆ ਤਕਨੀਕ ਵਿਚ ਨਿਪੁੰਨ ਹੋਣਾ ਲਾਜ਼ਮੀ ਹੈ। ਇਸ ਪ੍ਰੋਗਰਾਮ ਵਿਚ ਕਾਲਜ ਦੇ ਵਾਈਸ-ਪ੍ਰਿੰਸੀਪਲ ਪ੍ਰੋ. ਸ਼ੈਲੈਦਰਾ ਸਿੱਧੂ ਤੋਂ ਇਲਾਵਾ ਕਾਲਜ ਦੇ ਰਜਿਸਟਰਾਰ ਡਾ. ਅਸ਼ਵਨੀ ਸ਼ਰਮਾ, ਪ੍ਰੋ.ਨੀਨਾ ਸਰੀਨ, ਪ੍ਰੋ.ਵੇਦ ਪ੍ਰਕਾਸ਼ ਸ਼ਰਮਾ, ਪ੍ਰੋ. ਜਸਬੀਰ ਕੌਰ, ਡਾ. ਨੀਰਜ ਗੋਇਲ, ਪ੍ਰੋ. ਵਿਨੈ ਗਰਗ, ਡਾ. ਹਰਮੋਹਨ ਸ਼ਰਮਾ, ਡਾ. ਸੁਖਦੇਵ ਸਿੰਘ, ਡਾ. ਵਰੁਨ ਜੈਨ, ਅਜੇ ਕੁਮਾਰ ਗੁਪਤਾ, ਵਿਨੋਦ ਸ਼ਰਮਾ ਅਤੇ ਬਾਕੀ ਸਾਰੇ ਅਧਿਆਪਕ ਸ਼ਾਮਿਲ ਸਨ।

2 www.dainiksaveratimes.com
जालंधर, रविवार, 24 अप्रैल 2022

# मोदी कालेज ने स्कूली बच्चों के लिए करवाए पब्लिक स्पीकिंग मुकाबले



आस्था शर्मा को सर्टीफिकेट देकर सम्मानित करते स्टाफ सदस्य।

पटियाला, 23 अप्रैल (धीर) : स्थानीय मोदी कालेज पटियाला के रोटरेक्ट क्लब की तरफ से सी (थ्री) कैरियर कनसलटैंट के सहयोग के साथ स्कूली बच्चों को उच्च शिक्षा के क्षेत्र में नए मौकों पर संभावनाएं बारे जागरूक करने पर उनकी कम्यूनिकेशन को तराश्ने के लिए एक पब्लिक स्पीकिंग मुकाबला आयोजित किया गया।

इस मुकाबले का मुख्य उद्देश्य स्कूली विद्यार्थियों को उच्च -शिक्षा के क्षेत्र में उपलब्ध नए पाठ्यक्रमों और नए प्रोग्रामों बारे अवगत करवाना था। जिससे वह भविष्य में करियर का चुनाव आत्म -विश्वास के साथ कर सकें। कालेज प्रिंसिपल डा. खुशविन्दर कुमार ने इस मुकाबले में भाग लेने वाले सभी विद्यार्थियों और उनके अध्यापकों का स्वागत करते कहा कि अब शिक्षा के क्षेत्र में बहुत तेजी के साथ तबदीली आ रही है जिस के साथ जहाँ रोजगार के नये मौके पैदा हो रहे हैं। इस मुकाबले दौरान आयोजित किये अलग -अलग सैशनें दौरान स्कूली विद्यार्थियों ने 'मेरा मनपसंद पेशा', 'मेरी स्कूली जिंदगी', 'मेरा मार्ग दर्शक', 'जिंदगी में अनुशासन का महत्व और 'मेरी मनपसंद खेल' आदि विषयों और अपने विचार और मत पेश किये। मौके पर अरबिंदो इंटरनेशनल स्कूल की प्रतिभागी स्वरूप प्रतियोगिता में भाग लेने वाली आस्था शर्मा ने इस करियर कंसलटैंट में दूसरा स्थान हासिल किया। जिसका स्टाफ सदस्यों द्वारा सर्टिफिकेट देकर सम्मान किया गया।

पटियाला केसरी

रविवार SUNDAY 24 अप्रैल 2022

# मोदी कॉलेज की तरफ से स्कूली बच्चों के लिए पब्लिक स्पीकिंग मुकाबले आयोजित



*मोदी कालेज के प्रबंधक स्कूली विद्यार्थियों के साथ।* (दीपक)

पटियाला, 23 अप्रैल (जोसन): मुल्तानी मल मोदी कालेज, पटियाला के रोटरेक्ट क्लब की तरफ से सी (श्री) कैरियर कन्सलटैंट के सहयोग के साथ स्कूली बच्चों को उच्च शिक्षा के क्षेत्र में नए अवसरों व संभावनाओं बारे जागरूक करने और उनकी कम्युनिकेशन स्कील को तराशने के लिए एक पब्लिक स्पीकिंग मुकाबला आयोजित किया गया, जिसका मुख्य उद्देश्य स्कूली विद्यार्थियों को उच्च-शिक्षा के क्षेत्र में उपलब्ध नए कोर्स और नए प्रोग्रामों बारे अवगत करवाना था जिससे वह भविष्य में कैरियर का चुनाव आत्म-विश्वास के साथ कर सकें।

इस प्रोग्राम में सौरभ जैन, एम.डी. वर्धमान अस्पताल और प्रसिद्ध समाज सेवक मुख्य मेहमान के तौर पर शामिल हुए। उन्होंने कालेज मैनेजमैंट, प्रिंसीपल और स्टाफ का धन्यवाद किया। इस मौके पर प्रिंसीपल डा. खुशविन्दर कुमार ने इस मुकाबले में भाग लेने वाले सभी विद्यार्थियों और उनके अध्यापकों का स्वागत करते कहा कि अब शिक्षा के क्षेत्र में बहुत तेजी के साथ तबदीली आ रही है जिसके साथ जहां रोजगार के नए अवसर पैदा हो रहे हैं।

प्रोग्राम दौरान विशेष के तौर पर पहुंचे कैरियर काऊंसलर मानिक राज सिंगला, और उनकी सहयोगी टीम विशाल शर्मा ने भी बच्चों को जिंदगी में सख्त मेहनत करने की प्रेरणा दी।

Daily Charhdikala, Patiala (Sunday, 24 April 2022)

# ਮੋਦੀ ਕਾਲਜ ਵੱਲੋਂ ਸਕੂਲੀ ਬੱਚਿਆਂ ਲਈ ਪਬਲਿਕ ਸਪੀਕਿੰਗ ਮੁਕਾਬਲੇ ਆਯੋਜਿਤ



ਪਟਿਆਲਾ, 23 ਅਪ੍ਰੈਲ (ਰੁਪਾਣਾ/ ਵਿਨੋਦ ਸ਼ਰਮਾ) : ਸਥਾਨਕ ਮੁਲਤਾਨੀ ਮੱਲ ਮੋਦੀ ਕਾਲਜ, ਪਟਿਆਲਾ ਦੇ ਰੋਟਰੇਕਟ ਕਲੱਬ ਵੱਲੋਂ ਸੀ (ਥ੍ਰੀ) ਕਰੀਅਰ ਕਨਸਲਟੈਂਟ ਦੇ ਸਹਿਯੋਗ ਨਾਲ ਸਕੂਲੀ ਬੱਚਿਆਂ ਨੂੰ ਉਚੇਰੀ ਸਿੱਖਿਆ ਦੇ ਖੇਤਰ ਵਿੱਚ ਨਵੇਂ ਮੌਕਿਆਂ ਤੇ ਸੰਭਾਵਨਾਵਾਂ ਬਾਰੇ ਜਾਗਰੂਕ ਕਰਨ ਤੇ ਉਹਨਾਂ ਦੀਆਂ ਕਮਿਊਨੀਕੇਸ਼ਨ ਸਕਿੱਲ ਨੂੰ ਤਰਾਸ਼ਣ ਲਈ ਇੱਕ ਪਬਲਿਕ ਸਪੀਕਿੰਗ ਮੁਕਾਬਲਾ ਆਯੋਜਿਤ ਕੀਤਾ ਗਿਆ। ਇਸ ਮੁਕਾਬਲੇ ਦਾ ਮੁੱਖ ਉਦੇਸ਼ ਸਕੂਲੀ ਵਿਦਿਆਰਥੀਆਂ ਨੂੰ ਉੱਚ-ਸਿੱਖਿਆ ਦੇ ਖੇਤਰ ਵਿੱਚ ਉਪਲਬਧ ਨਵੇਂ ਕੋਰਸਾਂ ਤੇ ਨਵੇਂ ਪ੍ਰੋਗਰਾਮਾਂ ਬਾਰੇ ਜਾਣ ਕਰਵਾਉਣਾ ਸੀ ਤਾਂ ਕਿ ਉਹ ਭਵਿੱਖ ਵਿੱਚ ਕਰੀਅਰ ਦੀ ਚੋਣ ਆਤਮ-ਵਿਸ਼ਵਾਸ ਨਾਲ ਕਰ ਸਕਣ। ਇਸ ਪ੍ਰੋਗਰਾਮ ਵਿੱਚ ਸੀ ਸੌਰਭ ਜੈਨ, ਐੱਮ.ਡੀ. ਵਰਧਮਾਨ ਹਸਪਤਾਲ ਅਤੇ ਉੱਘੇ ਸਮਾਜ ਸੇਵਕ ਮੁੱਖ ਮਹਿਮਾਨ ਵਜੋਂ ਸ਼ਾਮਲ ਹੋਏ। ਉਨ੍ਹਾਂ ਨੇ ਕਾਲਜ ਮੈਨੇਜਮੈਂਟ, ਪ੍ਰਿੰਸੀਪਲ ਅਤੇ ਸਟਾਫ਼ ਦਾ ਧੰਨਵਾਦ ਕੀਤਾ ਅਤੇ ਕਿਹਾ ਕਿ ਕਾਲਜ ਵੱਲੋਂ ਇਸ ਤਰ੍ਹਾਂ ਦਾ ਉਪਰਾਲਾ ਕਰਨਾ, ਜਿਸ ਵਿੱਚ ਵਿਦਿਆਰਥੀਆਂ ਦਾ ਹੁਨਰ ਤਰਾਸ਼ਿਆ ਜਾ ਸਕੇ, ਬਹੁਤ ਵੱਡਾ ਸ਼ਲਾਘਾਯੋਗ ਕੰਮ ਹੈ।ਕਾਲਜ ਪ੍ਰਿੰਸੀਪਲ ਡਾ. ਖੁਸ਼ਵਿੰਦਰ ਕੁਮਾਰ ਨੇ ਇਸ ਮੁਕਾਬਲੇ ਵਿੱਚ ਭਾਗ ਲੈਣ ਵਾਲੇ ਸਾਰੇ ਵਿਦਿਆਰਥੀਆਂ ਤੇ ਉਹਨਾਂ ਦੇ ਅਧਿਆਪਕਾਂ ਦਾ ਸਵਾਗਤ ਕੀਤਾ। ਇਸ ਮੁਕਾਬਲੇ ਦੌਰਾਨ ਆਯੋਜਿਤ ਕੀਤੇ। ਇਸ ਪ੍ਰੋਗਰਾਮ ਦੌਰਾਨ ਉਚੇਚੇ ਤੌਰ 'ਤੇ ਪਹੁੰਚੇ ਕਰੀਅਰ ਕੌਂਸਲਰ ਸੀ ਮਾਨਿਕ ਰਾਜ ਸਿੰਗਲਾ ਅਤੇ ਉਨ੍ਹਾਂ ਦੀ ਸਹਿਯੋਗੀ ਟੀਮ ਵਿਸ਼ਾਲ ਸ਼ਰਮਾ ਨੇ ਵੀ ਬੱਚਿਆਂ ਨੂੰ ਜ਼ਿੰਦਗੀ ਵਿੱਚ ਸਖ਼ਤ ਮਿਹਨਤ ਕਰਨ ਦੀ ਪ੍ਰੇਰਨਾ ਦਿੱਤੀ। ਇਸ ਤੋਂ ਇਲਾਵਾ ਵਨੀਤ ਬਾਂਸਲ, ਅਮਿਤ ਜਿੰਦਲ ਅਤੇ ਸ਼ਸ਼ੀਕਾਂਤ ਅਗਰਵਾਲ ਵੱਲੋਂ ਵੀ ਵਿਦਿਆਰਥੀਆਂ ਦਾ ਉਤਸ਼ਾਹ ਵਧਾਇਆ ਗਿਆ। ਇਸ ਮੌਕੇ 'ਤੇ ਕਾਲਜ ਦੇ ਰੋਟਰੇਕਟ ਕਲੱਬ ਦੇ ਇੰਚਾਰਜ ਡਾ. ਨਿਸ਼ਾਨ ਸਿੰਘ ਅਤੇ ਹਿੰਦੀ ਵਿਭਾਗ ਦੇ ਮੁਖੀ ਡਾ.ਰੁਪਿੰਦਰ ਸ਼ਰਮਾ ਨੇ ਦੱਸਿਆ ਕਿ ਅਜਿਹੇ ਪ੍ਰੋਗਰਾਮ ਵਿਦਿਆਰਥੀਆਂ ਦਾ ਭਵਿੱਖ ਤੇ ਕਰੀਅਰ ਤੈਅ ਕਰਨ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਉਂਦੇ ਹਨ। ਇਹਨਾਂ ਮੁਕਾਬਲਿਆਂ ਦੌਰਾਨ ਬਾਰ੍ਹਵੀਂ ਕਲਾਸ ਸ਼੍ਰੇਣੀ ਵਿੱਚੋਂ ਪਹਿਲਾ ਸਥਾਨ ਪ੍ਰਬਲੀਨ ਕੌਰ, ਰੁਕਸਾਨਾ ਤੇ ਹਰਸ਼ਦੀਪ ਕੌਰ ਨੇ ਸਾਂਝੇ ਤੌਰ 'ਤੇ ਹਾਸਲ ਕੀਤਾ। ਦਸਵੀਂ ਕਲਾਸ ਸ਼੍ਰੇਣੀ ਵਿੱਚੋਂ ਪਹਿਲਾ ਸਥਾਨ ਵਿਦਿਤਾ ਆਹੂਜਾ, ਜਪੁਜਤ ਕੌਰ ਤੇ ਅਮੀਨੂਰ ਕੌਰ ਨੇ ਸਾਂਝੇ ਤੌਰ 'ਤੇ ਜਿੱਤਿਆ।ਇਸ ਪ੍ਰੋਗਰਾਮ ਵਿੱਚ ਕਾਲਜ ਦੇ ਵਾਈਸ-ਪ੍ਰਿੰਸੀਪਲ ਪ੍ਰੋ. ਸ਼ੈਲੈਂਦਰਾ ਸਿੱਧੂ ਤੋਂ ਇਲਾਵਾ ਕਾਲਜ ਦੇ ਰਜਿਸਟਰਾਰ ਡਾ. ਅਸ਼ਵਨੀ ਸ਼ਰਮਾ, ਪ.ਨੀਨਾ ਸਰੀਨ, ਪ੍ਰੋ.ਵੇਦ ਪ੍ਰਕਾਸ਼ ਸ਼ਰਮਾਂ, ਪ੍ਰੋ. ਜਸਬੀਰ ਕੌਰ, ਡਾ.ਨੀਰਜ ਗੋਇਲ, ਪ੍ਰੋ. ਵਿਨੈ ਗਰਗ, ਡਾ. ਹਰਮੋਹਨ ਸ਼ਰਮਾ, ਡਾ. ਸੁਖਦੇਵ ਸਿੰਘ, ਡਾਂ. ਵਰੁਨ ਜੈਨ, ਅਜੇ ਕੁਮਾਰ ਗੁਪਤਾ, ਵਿਨੋਦ ਸ਼ਰਮਾ ਅਤੇ ਬਾਕੀ ਸਾਰੇ ਅਧਿਆਪਕ ਸ਼ਾਮਲ ਸਨ।